BC Centre for Disease Control
An agency of the Provincial Health Services Authority

# TB Skin Test ਚਮੜੀ ਦੇ ਟੈਸਟ ਦਾ

## ਕੀ ਤੁਹਾਨੂੰ ਕੋਈ ਖ਼ਤਰਾ ਹੈ? Are you at risk?

ਟੀ.ਬੀ. ਦੀ ਇਨਫ਼ੈਕਸ਼ਨ ਦੀ ਜਾਂਚ ਕਰਨ ਵਾਸਤੇ ਟੀ.ਬੀ. ਲਈ ਚਮੜੀ ਦੇ ਟੈਸਟ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਤੁਸੀਂ **ਸਰਗਰਮ ਟੀ.ਬੀ. ਨਾਲ ਬਿਮਾਰ ਕਿਸੇ ਵਿਅਕਤੀ** ਨਾਲ ਸਮਾਂ ਬਿਤਾਇਆ ਹੈ ਜਾਂ ਜੇ ਤੁਹਾਨੂੰ ਟੀ.ਬੀ. ਦੀ ਇਨਫ਼ੈਕਸ਼ਨ ਹੋਈ ਹੈ ਅਤੇ ਤੁਹਾਨੂੰ **ਟੀ.ਬੀ. ਦੀ ਬਿਮਾਰੀ ਹੋਣ ਦਾ ਖ਼ਤਰਾ** ਹੈ ਤਾਂ ਤੁਹਾਡੀ ਚਮੜੀ ਦਾ ਟੈਸਟ ਕਰਵਾਉਣ ਦੀ ਲੋੜ ਹੈ।

ਹੇਠ ਲਿਖੇ ਲੋਕਾਂ ਵਾਸਤੇ ਟੀ.ਬੀ. ਦੀ ਜਾਂਚ ਲਈ ਦਾ ਚਮੜੀ ਦਾ ਟੈਸਟ ਕਰਵਾਉਣ ਦੀ **ਸਿਫ਼ਾਰਿਸ਼** ਕੀਤੀ ਜਾਂਦੀ ਹੈ:

- ਜਿਨ੍ਹਾਂ ਨੇ ਸਰਗਰਮ ਟੀ.ਬੀ. ਨਾਲ ਗ੍ਰਸਤ ਕਿਸੇ ਵਿਅਕਤੀ ਨਾਲ ਸਮਾਂ ਬਿਤਾਇਆ ਹੈ।
- ਜਿਨ੍ਹਾਂ ਨੂੰ ਐੱਚ.ਆਈ.ਵੀ. ਇਨਫ਼ੈਕਸ਼ਨ ਜਾਂ ਡਾਇਬੀਟੀਜ਼, ਕੈਂਸਰ ਜਾਂ ਲੰਮੇ ਸਮੇਂ ਤਕ ਰਹਿਣ ਵਾਲੀ ਗੁਰਦਿਆਂ ਦੀ ਬਿਮਾਰੀ ਹੈ ਜਾਂ ਜਿਹੜੇ ਵਿਅਕਤੀ ਅਜਿਹੀਆਂ ਦਵਾਈਆਂ ਲੈ ਰਹੇ ਹਨ ਜਿਨ੍ਹਾਂ ਨਾਲ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਕਮਜ਼ੋਰ ਹੁੰਦਾ ਹੈ।
- ਕਿਸੇ ਅਜਿਹੀ ਥਾਂ ਜਾਂ ਮੁਲਕ ਵਿੱਚੋਂ ਆਏ ਹਨ ਜਿੱਥੇ ਟੀ.ਬੀ. ਦੀ ਬਿਮਾਰੀ ਆਮ ਹੈ।
- ਉਹ ਲੋਕ ਜਿਨ੍ਹਾਂ ਨੂੰ ਆਪਣੇ ਇੰਮੀਗ੍ਰੇਸ਼ਨ, ਕੰਮ ਵਾਲੀ ਥਾਂ ਜਾਂ ਸਕੂਲ ਲਈ ਸਮੇਂ-ਸਮੇਂ ਸਿਰ ਇਹ ਜਾਂਚ ਕਰਵਾਉਣ ਦੀ ਲੋੜ ਪੈਂਦੀ ਹੈ।

## ਟੀ.ਬੀ. ਕਿਵੇਂ ਫੈਲਦਾ ਹੈ? How is TB spread?



**ਟੀ.ਬੀ. ਤੋਂ ਬਿਮਾਰ ਕੋਈ ਵਿਅਕਤੀ** ਜਦੋਂ ਖੰਘਦਾ, ਬੋਲਦਾ, ਗਾਉਂਦਾ ਜਾਂ ਛਿੱਕ ਮਾਰਦਾ ਹੈ, ਉਦੋਂ ਹਵਾ ਰਾਹੀਂ ਟੀ.ਬੀ. ਦਾ ਕੀਟਾਣੂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਫੈਲ ਜਾਂਦਾ ਹੈ। ਜੇ ਤੁਸੀਂ ਉਸ ਹਵਾ ਵਿੱਚ ਸਾਹ ਲੈਂਦੇ ਹੋ ਜਿਸ ਵਿੱਚ ਟੀ.ਬੀ. ਦਾ ਕੀਟਾਣੂ ਮੌਜੂਦ ਹੋਵੇ ਤਾਂ ਤੁਹਾਨੂੰ ਟੀ.ਬੀ. ਦੇ ਕੀਟਾਣੂ ਕਾਰਣ ਇਨਫ਼ੈਕਸ਼ਨ ਹੋ ਸਕਦੀ ਹੈ ਅਤੇ ਤੁਹਾਨੂੰ ਲੇਟੈਂਟ ਟੀ.ਬੀ. ਇਨਫ਼ੈਕਸ਼ਨ (ਭਾਵ ਟੀ.ਬੀ. ਦਾ ਕੀਟਾਣੂ ਸਰੀਰ ਵਿੱਚ ਮੌਜੂਦ ਹੋਣਾ ਪਰ ਉਸ ਹਰਕਤ ਵਿੱਚ ਨਾ ਆਉਣਾ) ਜਾਂ ਟੀ.ਬੀ. ਦੀ ਸਰਗਰਮ ਬਿਮਾਰੀ ਹੋ ਸਕਦੀ ਹੈ।.



**ਲੇਟੈਂਟ ਟੀ.ਬੀ. ਇਨਫ਼ੈਕਸ਼ਨ** ਉਦੋਂ ਹੁੰਦੀ ਹੈ ਜਦੋਂ ਟੀ.ਬੀ. ਦੇ ਕੀਟਾਣੂ ਸਾਹ ਰਾਹੀਂ ਤੁਹਾਡੇ ਫੇਫੜਿਆਂ ਵਿੱਚ ਦਾਖ਼ਲ ਹੋ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਉਨ੍ਹਾਂ ਨੂੰ ਵਧਣ ਤੋਂ **ਰੋਕਦਾ** ਹੈ ਅਤੇ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਂਦਾ ਹੈ। ਟੀ.ਬੀ. ਦੇ ਕੀਟਾਣੂ ਸੁੱਤੇ ਪਏ (ਲੇਟੈਂਟ) ਹੁੰਦੇ ਹਨ। ਲੇਟੈਂਟ ਟੀ.ਬੀ. ਇਨਫ਼ੈਕਸ਼ਨ ਨਾਲ ਗ੍ਰਸਤ ਲੋਕ ਆਪਣੇ ਆਪ ਨੂੰ ਬਿਮਾਰ ਮਹਿਸੂਸ ਨਹੀਂ ਕਰਦੇ ਅਤੇ ਉਨ੍ਹਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ। ਇਨ੍ਹਾਂ ਤੋਂ ਹੋਰਨਾ ਲੋਕਾਂ ਨੂੰ ਟੀ.ਬੀ. **ਨਹੀਂ** ਫੈਲ ਸਕਦਾ। ਜਦੋਂ ਤਕ ਇਹ ਲੋਕ ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਨਹੀਂ ਕਰਵਾ ਲੈਂਦੇ ਉਦੋਂ ਤਕ ਇਨ੍ਹਾਂ ਨੂੰ ਆਪ ਵੀ ਇਹ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਸਰੀਰ ਵਿੱਚ ਕੀਟਾਣੂ ਮੌਜੂਦ ਹਨ।.



**ਟੀ.ਬੀ. ਦੀ ਸਰਗਰਮ ਬਿਮਾਰੀ** ਉਦੋਂ ਹੁੰਦੀ ਹੈ ਜਦੋਂ ਟੀ.ਬੀ. ਦੇ ਰੋਗਾਣੂ ਸਾਹ ਰਾਹੀਂ ਤੁਹਾਡੇ ਫੇਫੜਿਆਂ ਵਿੱਚ ਦਾਖ਼ਲ ਹੋ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਉਨ੍ਹਾਂ ਨੂੰ ਰੋਕਣ ਵਿੱਚ ਅਸਮਰੱਥ ਰਹਿੰਦਾ ਹੈ। ਟੀ.ਬੀ. ਦੇ ਰੋਗਾਣੂ ਵਿਕਾਸ ਕਰਦੇ ਹਨ, ਇਨ੍ਹਾਂ ਦੀ ਗਿਣਤੀ ਵਧਦੀ ਹੈ ਅਤੇ ਤੁਸੀਂ ਬਿਮਾਰ ਹੋ ਜਾਂਦੇ ਹੋ।

ਟੀ.ਬੀ. ਦੀ ਸਰਗਰਮ ਬਿਮਾਰੀ ਦੇ ਸੰਕੇਤ ਅਤੇ ਲੱਛਣ ਹਨ: 2-3 ਹਫ਼ਤੇ ਜਾਂ ਜ਼ਿਆਦਾ ਸਮੇਂ ਤਕ ਖੰਘ ਆਉਂਦੇ ਰਹਿਣਾ, ਥੁੱਕ ਵਿੱਚ ਖ਼ੂਨ ਆਉਣਾ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲੱਗਣੀ, ਬੇਵਜ੍ਹਾ ਭਾਰ ਘਟਣਾ, ਥਕਾਵਟ ਹੋਣੀ, ਛਾਤੀ ਵਿੱਚ ਦਰਦ ਹੋਣਾ ਅਤੇ ਸਾਹ ਚੜ੍ਹਨਾ।

# TB Skin Test

## ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਕਿਉਂ ਕਰਵਾਉਣਾ ਚਾਹੀਦਾ ਹੈ?Why get a TB Skin Test?

ਟੀ.ਬੀ. ਦੀ ਜਾਂਚ ਲਈ ਚਮੜੀ ਦੇ ਟੈਸਟ ਨਾਲ ਇਹ ਜਾਣਨ ਵਿੱਚ ਮਦਦ ਮਿਲੇਗੀ ਕਿ ਟੀ.ਬੀ. ਦੇ ਕੀਟਾਣੂ ਕਿਤੇ ਤੁਹਾਡੇ ਸਰੀਰ ਵਿੱਚ ਲੁਕ ਕੇ ਤਾਂ ਨਹੀਂ ਬੈਠੇ (ਲੇਟੈਂਟ ਟੀ.ਬੀ. ਇਨਫ਼ੈਕਸ਼ਨ)। ਜੇ ਟੀ.ਬੀ. ਦੇ ਕੀਟਾਣੂ ਤੁਹਾਡੇ ਸਰੀਰ ਵਿੱਚ ਲੁਕ ਕੇ ਬੈਠੇ ਹੋਣ ਤਾਂ ਟੀ.ਬੀ. ਦੀ ਸਰਗਰਮ ਬਿਮਾਰੀ ਹੋਣ ਤੋਂ ਬਚਣ ਲਈ ਤੁਸੀਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਗੱਲ ਕਰ ਸਕਦੇ ਹੋ।

ਟੀ.ਬੀ. ਦਾ ਕੀਟਾਣੂ ਸਾਰੀ ਜ਼ਿੰਦਗੀ ਤੁਹਾਡੇ ਸਰੀਰ ਵਿੱਚ ਲੁਕ ਕੇ ਬੈਠ ਸਕਦਾ ਹੈ ਜਾਂ ਇਹ ਸਰਗਰਮ ਹੋ ਕੇ, ਵਧ ਕੇ ਤੁਹਾਨੂੰ ਟੀ.ਬੀ. ਨਾਲ ਬਿਮਾਰ ਕਰ ਸਕਦਾ ਹੈ। ਕੀ ਇਹ ਹੋਵੇਗਾ ਅਤੇ ਜੇ ਹੋਵੇਗਾ ਤਾਂ ਕਦੋਂ ਹੋਵੇਗਾ ਇਹ ਪਤਾ ਕਰਨ ਦਾ ਕੋਈ ਤਰੀਕਾ ਨਹੀਂ ਹੈ। ਜਦੋਂ ਕਿਸੇ ਵਿਅਕਤੀ ਦਾ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ ਉਦੋਂ ਅਜਿਹਾ ਹੋਣ ਦੇ ਆਸਾਰ ਵਧ ਜਾਂਦੇ ਹਨ ਕਿਉਂਕਿ ਇਮਿਊਨ ਸਿਸਟਮ ਹੀ ਟੀ.ਬੀ. ਦੇ ਕੀਟਾਣੂਆਂ ਨੂੰ ਨੱਪ ਕੇ ਰੱਖਦਾ ਹੈ ਅਤੇ ਉਨ੍ਹਾਂ ਨੂੰ ਵਧਣ-ਫੁਲਣ ਤੋਂ ਰੋਕਦਾ ਹੈ।

## ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ The TB Skin Test

ਟੀ.ਬੀ. ਦੀ ਜਾਂਚ ਲਈ ਦੋ ਵਾਰੀ ਕਲੀਨਿਕ ਵਿਖੇ ਆਉਣਾ ਪੈਂਦਾ ਹੈ:

**ਪਹਿਲੀ ਅਪੁਆਇੰਟਮੈਂਟ**

ਤੁਹਾਡੀ ਨਰਸ ਵੱਲੋਂ ਤੁਹਾਨੂੰ ਟੀ.ਬੀ. ਦੇ ਪ੍ਰਭਾਵ ਹੇਠ ਆਉਣ ਦੇ ਤੁਹਾਡੇ ਖ਼ਤਰੇ, ਟੀ.ਬੀ. ਦੀ ਜਾਂਚ ਲਈ ਪਹਿਲਾਂ ਕੀਤੇ ਜਾ ਚੁੱਕੇ ਚਮੜੀ ਦੇ ਟੈਸਟਾਂ, ਖ਼ੂਨ ਦੇ ਟੈਸਟਾਂ ਅਤੇ ਟ੍ਰੀਟਮੈਂਟ ਬਾਰੇ ਪੁੱਛਿਆ ਜਾਵੇਗਾ। ਜੇ ਟੀ.ਬੀ. ਦੀ ਜਾਂਚ ਲਈ ਚਮੜੀ ਦੇ ਟੈਸਟ ਦੀ ਲੋੜ ਹੋਈ ਤਾਂ ਤੁਹਾਡੀ ਬਾਂਹ ਉੱਪਰ, ਕੂਹਣੀ ਤੋਂ ਗੁੱਟ ਤਕ ਦੇ ਹਿੱਸੇ ਵਿੱਚ, ਇੱਕ ਟੀਕਾ ਲਗਾਇਆ ਜਾਵੇਗਾ।

**ਦੂਜੀ ਅਪੁਆਇੰਟਮੈਂਟ**

ਟੀ.ਬੀ. ਦੀ ਜਾਂਚ ਲਈ ਚਮੜੀ ਦੇ ਟੈਸਟ ਤੋਂ 48-72 **ਘੰਟੇ ਬਾਅਦ** ਤੁਹਾਡੀ ਨਰਸ ਵੱਲੋਂ ਤੁਹਾਡੀ ਬਾਂਹ ਦੀ ਜਾਂਚ ਕੀਤੀ ਜਾਵੇਗੀ ਅਤੇ ਦੇਖਿਆ ਜਾਵੇਗਾ ਕਿ ਕਿਤੇ ਕੋਈ ਰੀਐਕਸ਼ਨ ਤਾਂ ਨਹੀਂ ਹੋਇਆ ਹੈ।ਉਹ ਤੁਹਾਨੂੰ ਨਤੀਜਿਆਂ ਬਾਰੇ ਸਮਝਾਉਣਗੇ ਅਤੇ ਇਹ ਦੱਸਣਗੇ ਕਿ ਤੁਹਾਨੂੰ ਡਾਕਟਰ ਜਾਂ ਨਰਸ ਪ੍ਰੈਕਟਿਸ਼ਨਰ ਕੋਲ ਜਾਣ ਦੀ ਲੋੜ ਹੈ ਜਾਂ ਨਹੀਂ।

## ਮੈਂ ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਕਿੱਥੋਂ ਕਰਵਾ ਸਕਦਾ/ਸਕਦੀ ਹਾਂ?Where do I get a TB skin test?



ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਕਰਵਾਉਣ ਸੰਬੰਧੀ ਗੱਲਬਾਤ ਕਰਨ ਵਾਸਤੇ ਆਪਣੇ ਸਿਹਤ ਸੰਭਾਲ ਪੇਸ਼ੇਵਰ ਜਾਂ ਸਥਾਨਕ ਪਬਲਿਕ ਹੈਲਥ ਯੂਨਿਟ ਵਿਖੇ ਜਾਓ। **ਬੀ.ਸੀ. ਵਿੱਚ ਟੀ.ਬੀ. ਦੀ ਜਾਂਚ ਲਈ ਚਮੜੀ ਦੇ ਬਹੁਤੇ ਟੈਸਟ ਮੁਫ਼ਤ ਹਨ।** ਕੰਮ ਜਾਂ ਸਕੂਲ ਵਾਸਤੇ ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਕਰਵਾਉਣ ਲਈ ਪੈਸੇ ਦੇਣੇ ਪੈਂਦੇ ਹਨ। ਤੁਹਾਨੂੰ ਆਪਣੇ ਫ਼ੈਮਲੀ ਡਾਕਟਰ ਦੀ ਸਿਫ਼ਾਰਿਸ਼ ਦੀ ਲੋੜ ਪੈ ਸਕਦੀ ਹੈ। ਆਪਣੀ ਨਜ਼ਦੀਕੀ ਲੋਕੇਸ਼ਨ ਲੱਭਣ ਲਈ http://www.healthlinkbc.ca/find/ 'ਤੇ ਜਾਓ.

## ਟੀ.ਬੀ. ਦੀ ਜਾਂਚ ਲਈ ਚਮੜੀ ਦੇ ਟੈਸਟ ਦਾ ਨਤੀਜਾ TB Skin Test Result

ਜੇ ਚਮੜੀ ਉੱਪਰ ਹੋਏ ਰੀਐਕਸ਼ਨ ਦਾ ਆਕਾਰ 10 ਮਿ.ਮਿ. ਜਾਂ ਇਸ ਤੋਂ ਵੱਡਾ ਹੋਵੇ ਤਾਂ ਇਸ ਦਾ ਮਤਲਬ ਹੈ ਕਿ ਟੈਸਟ **ਪਾਜ਼ਿਟਿਵ** ਹੈ (ਭਾਵ ਟੀ.ਬੀ. ਦਾ ਕੀਟਾਣੂ ਮੌਜੂਦ ਹੈ)। ਕੁਝ ਹਾਲਾਤ ਵਿੱਚ 5 ਮਿ.ਮਿ. ਦੇ ਆਕਾਰ ਨੂੰ ਵੀ ਪਾਜ਼ਿਟਿਵ ਮੰਨਿਆ ਜਾਂਦਾ ਹੈ। ਤੁਹਾਡਾ ਸਿਹਤ ਸੰਭਾਲ ਪੇਸ਼ੇਵਰ ਤੁਹਾਨੂੰ ਤੁਹਾਡੇ ਨਤੀਜਿਆਂ ਬਾਰੇ ਸਮਝਾਵੇਗਾ।

## ਅੱਗੇ ਕੀਤੇ ਜਾਣ ਵਾਲੇ ਕਾਰਜ: Next Steps:

ਟੀ.ਬੀ. ਦੀ ਜਾਂਚ ਲਈ ਕੀਤੇ ਗਏ **ਚਮੜੀ ਦੇ ਟੈਸਟ ਦਾ ਨਤੀਜਾ ਨੈਗੇਟਿਵ** ਹੋਣ ਦਾ ਅਕਸਰ ਇਹ ਮਤਲਬ ਹੁੰਦਾ ਹੈ ਕਿ ਤੁਹਾਡੇ ਸਰੀਰ ਵਿੱਚ ਟੀ.ਬੀ. ਦੇ ਕੀਟਾਣੂ ਮੌਜੂਦ ਨਹੀਂ ਹਨ। ਬਹੁਤੇ ਲੋਕਾਂ ਨੂੰ ਇਸ ਤੋਂ ਅੱਗੇ ਕਿਸੇ ਹੋਰ ਟੈਸਟ ਕਰਵਾਉਣ ਦੀ ਲੋੜ ਨਹੀਂ ਹੁੰਦੀ। ਤੁਹਾਡੀ ਨਰਸ ਜਾਂ ਡਾਕਟਰ ਵੱਲੋਂ ਤੁਹਾਨੂੰ ਦੱਸਿਆ ਜਾਵੇਗਾ ਕਿ ਕੀ ਤੁਹਾਨੂੰ ਹੋਰ ਟੈਸਟਿੰਗ ਦੀ ਲੋੜ ਹੈ ਜਾਂ ਨਹੀਂ।

ਟੀ.ਬੀ. ਦੀ ਜਾਂਚ ਲਈ ਕੀਤੇ ਗਏ **ਚਮੜੀ ਦੇ ਟੈਸਟ ਦਾ ਨਤੀਜਾ ਪਾਜ਼ਿਟਿਵ** ਹੋਣ ਦਾ ਇਹ ਮਤਲਬ ਹੁੰਦਾ ਹੈ ਕਿ ਤੁਹਾਡੇ ਸਰੀਰ ਵਿੱਚ ਟੀ.ਬੀ. ਦੇ ਕੀਟਾਣੂ ਮੌਜੂਦ ਹਨ। ਟੀ.ਬੀ. ਦੀ ਪਛਾਣ ਕੀਤੇ ਜਾਣ ਤੋਂ ਪਹਿਲਾਂ ਹੋਰ ਟੈਸਟ ਕਰਨ ਦੀ ਲੋੜ ਪਵੇਗੀ। ਚਮੜੀ ਦਾ ਟੈਸਟ ਪਾਜ਼ਿਟਿਵ ਆਉਣ ਸੰਬੰਧੀ ਵਧੇਰੇ ਜਾਣਕਾਰੀ ਲਈ ਬੀ.ਸੀ.ਸੀ.ਡੀ.ਸੀ. ਦਾ ਜਾਣਕਾਰੀ ਪਰਚਾ "ਲੇਟੈਂਟ ਟੀ.ਬੀ. ਇਨਫ਼ੈਕਸ਼ਨ" ਦੇਖੋ।



ਟੀ.ਬੀ. ਫੈਲਣ, ਲੇਟੈਂਟ ਟੀ.ਬੀ. ਇਨਫ਼ੈਕਸ਼ਨ ਅਤੇ ਸਰਗਰਮ ਟੀ.ਬੀ. ਦੀ ਬਿਮਾਰੀ ਸੰਬੰਧੀ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.bccdc.ca/TBVideoEnglish 'ਤੇ ਜਾਓ ਅਤੇ "ਟੀ.ਬੀ. ਦਾ ਕੀਟਾਣੂ: ਇੱਕ ਚਲਾਕ ਮੁਸਾਫ਼ਰ" ਦੇਖੋ। ਇਹ ਕੋਰੀਅਨ, ਮੈਂਡਾਰਿਨ, ਅੰਗਰੇਜ਼ੀ, ਟੈਗਾਲੌਗ ਅਤੇ ਵਿਅਤਨਾਮੀ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ।